# ਸਾਧ ਸਰਨਿ ਪ੍ਰਭ ਸੰਗਿ ਵਸੈ

## ਮਿਲੁ ਰਾਮ ਪਿਆਰੇ ਤੁਮ ਬਿਨੁ ਧੀਰਜੁ ਕੋ ਨ ਕਰੈ।।੧।।ਰਹਾਉ।।

ਇਹ ਸ਼ਬਦ ਆਸਾ ਰਾਗ ਵਿਚ, ਪੰਚਮ ਪਾਤਸ਼ਾਹ ਨੇ ਉਚਾਰਣ ਕੀਤਾ ਹੈ, ਜੋ ਪੰਨਾ ੪੦੮ ਤੇ ਵਿਦਮਾਨ ਹੈ।

-- ਇਸ ਸ਼ਬਦ ਵਿਚ ਮਹਾਰਾਜ, ਅਰਜੋਈ ਰੂਪ ਵਿਚ ਫ਼ੁਰਮਾਣ ਕਰਦੇ ਹਨ ਕਿ ਹੇ ਮੇਰੇ ਪਿਆਰੇ ਗੁਰੂ/ਪ੍ਰਭੂ ! ਤੂੰ ਮੇਰੇ ਤੇ ਕਿਰਪਾ ਕਰ ਅਤੇ ਮੈਨੂੰ ਮਿਲ, ਮੇਰੇ ਨਾਲ ਮੇਲ ਕਰ। ਇਥੇ 'ਮਿਲੁ' ਦਾ ਭਾਵ ਕੋਈ ਸਾਧਾਰਣ ਮਿਲਣਾ ਨਹੀਂ ਸਗੋਂ ਪੂਰਣ ਮਿਲਾਪ ਹੈ। ਦਰਸ਼ਨ ਦੇ ਕੇ, ਮੇਰੇ ਨਾਲ ਮੇਰੇ ਮਨ ਵਿਚ ਸਮਾ, ਕਿਉਂਕਿ ਤੇਰੇ ਅਜਿਹਾ ਕਰਨ ਤੋਂ ਬਿਨਾਂ, ਹੋਰ ਕੋਈ ਵੀ ਮਨੁਖ/ਪਦਾਰਥ ਆਦਿ, ਕਿਸੇ ਨਾਲ ਵੀ, ਮੇਰੇ ਮਨ ਨੂੰ ਧਰਵਾਸ ਨਹੀਂ ਮਿਲਦਾ। ਇਹ ਬਿਰਹਾ ਦੀ ਅਵੱਸਥਾ ਹੈ, ਗੁਰੂ ਸਾਹਿਬ ਬਿਰਹਾ ਵਿਚ, ਮਿਲਾਪ ਦੀ ਤਾਂਘ ਦਰਸਾ ਰਹੇ ਹਨ।੧।ਰਹਾਉ।

ਇਸ ਪੰਕਤੀ ਵਿਚ, ਭਗਤ ਦਾ, ਆਪਣੇ ਗੁਰੂ ਨਾਲ ਮਿਲਾਪ ਕਰਣ ਲਈ, ਮਨ ਤੜ੍ਹਪ ਰਿਹਾ ਹੈ। ਚੌਥੇ ਪਾਤਸ਼ਾਹ, ਪੰਨਾ ੫੬੧ ਤੇ, ਫ਼ੁਰਮਾਣ ਕਰਦੇ ਹਨ ਕਿ ਉਹ ਜੀਵ ਇਸਤਰੀ, ਕਿਵੇਂ ਧੀਰਜ ਪਾਏ, ਜਿਸਦਾ ਪਿਆਰਾ ਗੁਰੂ ਪਤੀ, ਉਸਦੇ ਅਉਗੁਣਾਂ ਕਰਕੇ, ਉਸ ਵਲ ਵੇਖਦਾ ਹੀ ਨਹੀਂ, ਉਸ ਦੇ ਦਰਸ਼ਨਾਂ ਤੋਂ ਬਿਨਾਂ ਮਨ ਨੂੰ ਧੀਰਜ ਨਹੀਂ ਮਿਲਦਾ - 'ਸੋ ਪਿਰੁ ਪਿਆਰਾ ਮੈ ਨਦਰਿ ਨ ਦੇਖੈ ਹਉ ਕਿਉ ਕਰਿ ਧੀਰਜੁ ਪਾਵਾ।।'

ਪੰਚਮ ਪਾਤਸ਼ਾਹ, ਪੰਨਾ ੫੦ ਤੇ, ਪਿਆਰੇ ਦੇ ਦਰਸ਼ਨਾਂ ਲਈ ਉਮੜ੍ਹ ਕੇ ਉਠੇ, ਬੈਰਾਗ ਦਾ ਜ਼ਿਕਰ ਕਰਦਿਆਂ ਫ਼ੁਰਮਾਣ ਕਰਦੇ ਹਨ - 'ਮਨਿ ਬੈਰਾਗੁ ਭਇਆ ਦਰਸਨੁ ਦੇਖਣੈ ਕਾ ਚਾਉ।।' ਮਹਾਰਾਜ, ੨੦੮ ਪੰਨੇ ਤੇ, ਪਿਆਰੇ ਦੇ ਦਰਸ਼ਨਾਂ ਦੀ ਤਾਂਘ ਦਿਖਾ ਰਹੇ ਹਨ, ਜਿਵੇਂ, ਚਕੋਰ ਦੀ ਨਜ਼ਰ ਚੰਨ ਤੇ ਹੀ ਟਿਕੀ ਰਹਿੰਦੀ ਹੈ, ਬਿਲਕੁਲ ਵੀ ਨਹੀਂ ਹਟਦੀ - 'ਪ੍ਰਿਉ ਪ੍ਰਿਉ ਨਾਮੁ ਤੇਰਾ ਦਰਸਨੁ ਚਾਹੈ ਜੈਸੇ ਦ੍ਰਿਸਟਿ ਓਹ ਚੰਦ ਚਕੋਰੀ।।' ਮਹਾਰਾਜ, ਪੰਨਾ ੩੭੩ ਤੇ, ਪਿਆਰੇ ਪ੍ਰੀਤਮ ਦੇ ਦਰਸ਼ਨਾਂ ਤੋਂ ਬਿਨਾਂ ਬੈਰਾਗੀ ਹੋ ਕੇ, ਧੀਰਜ ਨਾ ਹੋਣ ਦੀ ਅਵੱਸਥਾ ਦਾ ਵਿਸਮਾਦੀ ਵਰਣਨ ਕੀਤਾ ਹੈ - 'ਮਾਈ ਕਹਾ ਕਰਉ ਇਹੁ ਮਨੁ ਨ ਧੀਰੈ।। ਪ੍ਰਿਅ ਪ੍ਰੀਤਮ ਬੈਰਾਗੁ ਹਿਰੈ।।', ਭਾਵ, 'ਹੇ ਮੇਰੀ ਮਾਈ ! ਮੈਂ ਕੀ ਕਰਾਂ, ਮੇਰੇ ਮਨ ਨੂੰ ਧੀਰਜ ਨਹੀਂ ਪੈਂਦਾ, ਮੈਨੂੰ ਮੇਰੇ ਪਿਆਰੇ ਪ੍ਰੀਤਮ ਪਤੀ, ਗੁਰੂ/ਪ੍ਰਭੂ ਦਾ ਵਿਰਾਗ,

ਮੇਰੇ ਮਨ ਨੂੰ ਖੋਹ ਪਾ ਰਿਹਾ ਹੈ।' ਪਾਤਸ਼ਾਹ, ੩੮੯ ਪੰਨੇ ਤੇ, ਅਜਿਹੀ ਹੀ ਅਵੱਸਥਾ ਦਾ ਜ਼ਿਕਰ ਕਰਦਿਆਂ ਫ਼ੁਰਮਾਣ ਕਰਦੇ ਹਨ ਕਿ ਹੇ ਵਾਹਿਗੁਰੂ ! ਮੇਰੇ ਮਨ ਨੂੰ ਤੇਰੇ ਦਰਸ਼ਨਾਂ ਦੀ ਪਿਆਸ ਲਗੀ ਹੋਈ ਹੈ, ਤੇਰੇ, ਇਸ ਪ੍ਰੇਮ ਦੇ ਬੈਰਾਗ ਵਿਚ ਸਹਿਜ ਅਤੇ ਅਨੰਦ ਦੀਆਂ ਅਵਸਥਾਵਾਂ ਦਾ ਵਾਸਾ ਹੈ - 'ਦਰਸ ਤੇਰੇ ਕੀ ਪਿਆਸ ਮਨਿ ਲਾਗੀ।। ਸਹਜ ਅਨੰਦ ਬਸੈ ਬੈਰਾਗੀ।।'

ਇਸੇ ਤਰ੍ਹਾਂ ਦੀ ਅਵੱਸਥਾ ਮਾਝ ਰਾਗ ਵਿਚ ਵੀ ਪੰਜਵੇਂ ਪਾਤਸ਼ਾਹ ਨੇ ਬਿਆਨ ਕੀਤੀ ਹੈ ਕਿ ਗੁਰੂ ਦੇ ਦਰਸ਼ਨਾਂ ਲਈ ਮੇਰਾ ਮਨ ਲੋਚਦਾ ਹੈ, ਜਿਵੇਂ ਪਪੀਹਾ ਅਕਾਸ਼ੀ ਜਲ ਲਈ ਤੜਫ਼ਦਾ ਹੈ, ਆਪਣੇ ਪਿਆਰੇ ਸੰਤ ਦੇ ਦਰਸ਼ਨਾਂ ਤੋਂ ਬਿਨਾਂ ਮੇਰੀ ਪਿਆਸ ਨਹੀਂ ਬੁਝਦੀ, ਸ਼ਾਂਤੀ ਨਹੀਂ ਹੁੰਦੀ - 'ਮੇਰਾ ਮਨੁ ਲੋਚੈ ਗੁਰ ਦਰਸਨ ਤਾਈ।। ਬਿਲਪ ਕਰੇ ਚਾਤ੍ਰਿਕ ਕੀ ਨਿਆਈ।। ਤ੍ਰਿਖਾ ਨ ਉਤਰੈ ਸਾਂਤਿ ਨ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ।।' ਇਸ ਬਿਰਹਾ ਦੀ ਅਵੱਸਥਾ ਨੂੰ ਸੇਖ ਫ਼ਰੀਦ ਜੀ ਨੇ ਵੀ, ਪੰਨਾ ੧੩੭੯ ਤੇ, ਪ੍ਰਾਪਤੀ ਦੇ ਮਾਰਗ ਦਾ ਸੁਲਤਾਨ, ਭਾਵ, ਸਿਰਮੌਰ ਦਸਿਆ ਹੈ ਅਤੇ ਨਾਲ ਹੀ, ਇਹ ਵੀ ਬਚਨ ਕਰ ਦਿਤਾ ਕਿ ਜਿਸ ਤਨ ਦੇ ਅੰਦਰ ਗੁਰੂ ਨਾਲ ਮਿਲਾਪ ਲਈ, ਬਿਰਹਾ ਨਹੀਂ ਜਾਗੀ, ਉਸ ਤਨ ਨੂੰ ਤਾਂ ਮਸਾਣ (ਮੁਰਦੇ ਦਫ਼ਨਾਉਣ ਦੀ ਥਾਂ) ਹੀ ਸਮਝਣਾ ਚਾਹੀਦਾ ਹੈ - 'ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।। ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।।'

## ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ।।੧।।

-- ਗੁਰੂ ਪਾਤਸ਼ਾਹ ਫ਼ੁਰਮਾਣ ਕਰਦੇ ਹਨ ਕਿ ਲੋਕਾਂ ਦੁਆਰਾ, ਸਾਰੇ ਧਰਮ ਗ੍ਰੰਥਾਂ, ਸਿਮ੍ਰਿਤੀਆਂ, ਸ਼ਾਸਤਰਾਂ ਆਦਿ ਅਨੁਸਾਰ, ਸਭ ਧਰਮ ਕਰਮ ਕਮਾ ਕੇ ਵੇਖੇ ਜਾ ਚੁਕੇ ਹਨ, ਪਰ ਹੇ ਗੁਰੂ/ਪ੍ਰਭੂ ਤੇਰੇ ਦਰਸ਼ਨਾਂ ਤੋਂ ਬਿਨਾਂ ਆਤਮਕ ਸੁਖ ਦੀ ਪ੍ਰਾਪਤੀ ਕਦੇ ਨਹੀਂ ਹੋ ਸਕਦੀ।੧।

ਸ੍ਰੀ ਗੁਰੂ ਨਾਨਕ ਪਾਤਸ਼ਾਹ, ਪੰਨਾ ੨੨੬ ਤੇ, ਫ਼ੁਰਮਾਣ ਕਰਦੇ ਹਨ ਕਿ ਮਨੁਖ ਧਰਮ ਪੋਥੀਆਂ ਦੇ ਹੀ ਮੁੜ ਮੁੜ ਪਾਠ ਕਰੀ ਜਾਂਦਾ ਹੈ, ਵੇਦ ਪੁਰਾਣ ਸਿਮ੍ਰਿਤਿਆਂ ਆਦਿ ਪੋਥੀਆਂ ਦੇ ਪਾਠ ਹੀ ਨਹੀਂ, ਉਨ੍ਹਾਂ ਦੀਆਂ ਕਾਵਿ ਕਿਸਮਾਂ ਤਕ ਨੂੰ ਫ਼ਰੋਲ ਮਾਰਦਾ ਹੈ, ਪਰੰਤੂ, ਪਰਮੇਸ਼ਰ ਦੇ ਨਾਮ ਦੇ ਰਸ ਵਿਚ ਰੰਗੇ ਜਾਣ ਤੋਂ ਬਿਨਾਂ, ਮਨ ਹਿਚਕੋਲੇ ਹੀ ਖਾਂਦਾ ਹੈ - 'ਪੜਿ ਪੜਿ ਪੋਥੀ ਸਿਮ੍ਰਿਤਿ ਪਾਠਾ।। ਬੇਦ ਪੁਰਾਣ ਪੜੈ ਸੁਣਿ ਥਾਟਾ।। ਬਿਨੁ ਰਸ ਰਾਤੇ ਮਨੁ ਬਹੁ ਨਾਟਾ।।'

ਸ੍ਰੀ ਗੁਰੂ ਅਮਰਦਾਸ ਸਾਹਿਬ, ਪੰਨਾ ੬੫ ਤੇ ਫ਼ੁਰਮਾਣ ਕਰਦੇ ਹਨ ਕਿ ਸਿਮ੍ਰਿਤਿਆਂ ਅਤੇ ਸ਼ਾਸਤਰਾਂ ਦੇ ਅਨੁਸਾਰ, ਆਪਣੇ ਮਨ ਦੇ ਪਿਛੇ ਲਗ ਕੇ, ਔਖੇ ਔਖੇ ਕਰਮਕਾਂਡ ਕਰਕੇ, ਛੁਟਕਾਰਾ ਸੰਭਵ ਨਹੀਂ, ਇਹ ਤਾਂ ਸਾਧੂ ਦੀ ਸੰਗਤਿ ਕਰਦਿਆਂ ਗੁਰੂ ਦਾ ਦਿਤਾ ਸ਼ਬਦ, ਗੁਰ ਮੰਤਰ ਕਮਾ ਕੇ, ਭਾਵ, ਸਿਮਰਣ ਕਰ ਕੇ ਹੀ, ਬੰਧਨ ਤੋਂ ਛੁਟਕਾਰਾ ਸੰਭਵ ਹੈ - 'ਮਨਹਠਿ ਕਿਤੈ ਉਪਾਇ ਨ ਛੂਟੀਐ ਸਿਮ੍ਰਿਤਿ ਸਾਸਤ੍ਰ ਸੋਧਹੁ ਜਾਇ।। ਮਿਲਿ ਸੰਗਤਿ ਸਾਧੂ ਉਬਰੇ ਗੁਰ ਕਾ ਸਬਦੁ ਕਮਾਇ।।' ਪਾਤਸ਼ਾਹ, ਪੰਨਾ ੪੯੦ ਤੇ ਸਪੱਸ਼ਟ ਕੀਤਾ ਹੈ ਕਿ ਹਰੀ, ਪ੍ਰਭੂ ਹੀ ਮੇਰੀ ਸਿੰਮ੍ਰਿਤੀ ਹੈ, ਹਰੀ ਹੀ ਮੇਰਾ ਸ਼ਾਸਤਰ ਹੈ, ਹਰੀ ਹੀ ਮੇਰਾ ਰਿਸ਼ਤੇਦਾਰ, ਨਾਤਾ, ਸਬੰਧੀ ਹੈ, ਹਰੀ ਹੀ ਮੇਰਾ ਭਰਾ ਹੈ, ਭਾਵ ਮੇਰਾ ਗੁਰੂ/ਪ੍ਰਭੂ ਹੀ ਮੇਰੇ ਲਈ ਸਭ ਕੁਝ ਹੈ। ਮੈਨੂੰ ਤਾ ਉਸ ਹਰੀ ਪ੍ਰਭੂ ਦੀ ਹੀ ਭੁਖ ਲਗੀ ਹੈ, ਉਸੇ ਨਾਲ ਮਿਲਾਪ ਕਰਕੇ, ਉਸ ਦਾ ਨਾਮ ਜਪ ਕੇ ਮੇਰਾ ਮਨ ਤ੍ਰਿਪਤ ਹੁੰਦਾ ਹੈ, ਉਹੀ ਮੇਰਾ ਸਾਕ ਹੈ, ਜੋ ਅੰਤ ਤਕ ਮੇਰਾ ਸਖਾ ਬਣ ਕੇ ਸਹਾਈ ਹੁੰਦਾ ਹੈ - 'ਹਰਿ ਮੇਰਾ ਸਿਮ੍ਰਿਤਿ ਹਰਿ ਮੇਰਾ ਸਾਸਤ੍ਰ ਹਰਿ ਮੇਰਾ ਬੰਧਪੁ ਹਰਿ ਮੇਰਾ ਭਾਈ।। ਹਰਿ ਕੀ ਮੈ ਭੂਖ ਲਾਗੈ ਹਰਿ ਨਾਮਿ ਮੇਰਾ ਮਨੁ ਤ੍ਰਿਪਤੈ ਹਰਿ ਮੇਰਾ ਸਾਕੁ ਅੰਤਿ ਹੋਇ ਸਖਾਈ।।'

ਸੂਹੀ ਰਾਗ ਵਿਚ, ਪੰਨਾ ੭੪੭ ਤੇ, ਸ੍ਰੀ ਗੁਰੂ ਅਰਜਨ ਸਾਹਿਬ ਦਾ ਫ਼ੁਰਮਾਣ ਹੈ ਕਿ ਕਿਸੇ ਧਰਮ ਗ੍ਰੰਥ ਦਾ, ਸਿਰਫ਼ ਪਾਠ ਕਰ ਲੈਣ ਮਾਤਰ ਨਾਲ, ਮੁਕਤੀ ਨਹੀਂ ਮਿਲ ਸਕਦੀ, ਭਾਵ, ਜਨਮ ਮਰਨ ਦਾ ਦੁਖ ਨਹੀਂ ਕਟਿਆ ਜਾ ਸਕਦਾ - 'ਬੇਦ ਕਤੇਬ ਸਿਮ੍ਰਿਤਿ ਸਭਿ ਸਾਸਤ ਇਨ੍ ਪੜਿਆ ਮੁਕਤਿ ਨ ਹੋਈ।। ਏਕੁ ਅਖਰੁ ਜੋ ਗੁਰਮੁਖਿ ਜਾਪੈ ਤਿਸ ਕੀ ਨਿਰਮਲ ਸੋਈ।।' ਸਾਡੇ ਸਾਹਮਣੇ ਹੀ ਹੈ, ਦੁਨੀਆਂ, ਸਾਰੇ ਧਰਮ ਗ੍ਰੰਥਾਂ ਦਾ ਪਾਠ ਕਰੀ ਜਾ ਰਹੀ ਹੈ, ਪਰ...... । ਦਰਸ਼ਨਾਂ ਦੀ ਪ੍ਰਾਪਤੀ ਤਾਂ ਸਿਰਫ਼ ਗੁਰੂ ਤੋਂ ਗੁਰ ਮੰਤਰ ਲੈ ਕੇ, ਉਸਦਾ ਜਾਪ ਕਰਨ ਨਾਲ ਹੀ ਸੰਭਵ ਹੋ ਸਕਦੀ ਹੈ। ਉਸਦਾ ਦਰਸ਼ਨ ਹੀ ਮਨੁਖਾ ਜਨਮ ਦਾ ਪਰਮ ਲਖ਼ਸ਼ ਹੈ। ਦਰਸ਼ਨ ਦੇਖਣ ਨਾਲ ਹੀ ਮਨੁਖ ਪੂਰਣ ਤੌਰ ਤੇ ਪਵਿਤਰ ਹੋ ਜਾਂਦਾ ਹੈ ਅਤੇ ਆਪਣੇ ਨਾਲ ਨਾਲ ਆਪਣੇ ਸਾਰੇ ਭਾਈਆਂ ਮਿਤਰਾਂ ਦਾ ਵੀ ਉਧਾਰ ਕਰ ਦਿੰਦਾ ਹੈ - 'ਦਰਸਨੁ ਪੇਖਤ ਭਏ ਪੁਨੀਤਾ।। ਸਗਲ ਉਧਾਰੇ ਭਾਈ ਮੀਤਾ।।'

**ਵਰਤ ਨੇਮ ਸੰਜਮ ਕਰਿ ਥਾਕੇ ਨਾਨਕ ਸਾਧ ਸਰਨਿ ਪ੍ਰਭ ਸੰਗਿ ਵਸੈ।।੨।।੨।।੧੫੧।।**

-- ਉਪਰ ਦਸੇ ਸਿਮਰਣ ਦੇ ਢੰਗ ਤੋਂ ਬਿਨਾਂ ਹੋਰ ਕੋਈ, ਕਿਸੇ

ਕਿਸਮ ਦੇ ਵਰਤ, ਨਿਤ ਦੇ ਨੇਮ ਅਤੇ ਤਰ੍ਹਾਂ ਤਰ੍ਹਾਂ ਦੇ ਸੰਜਮ ਆਦਿ ਜਿਤਨੇ ਮਰਜ਼ੀ ਮਨੁਖ ਕਰ ਕਰ ਕੇ, ਭਾਵੇਂ, ਕਿੰਨਾ ਹੀ ਥਕ ਕਿਉਂ ਨਾ ਜਾਵੇ, ਸਾਧੂ ਦੀ ਸ਼ਰਣ ਲਏ ਬਿਨਾਂ ਕੁਝ ਨਹੀਂ ਹੋ ਸਕਦਾ, ਕਿਉਂਕਿ ਵਾਹਿਗੁਰੂ, ਉਸਦੇ ਨਾਮ ਦੇ ਖ਼ਜ਼ਾਨੇ ਦਾ ਬਿਸਰਾਮ, ਸਿਰਫ਼ ਭਗਤਾਂ ਦੇ ਹਿਰਦੇ ਵਿਚ ਹੈ, ਇਸ ਦਾ ਵਾਸਾ ਹੈ - 'ਭਗਤ ਜਨਾ ਕੈ ਮਨਿ ਬਿਸ੍ਰਾਮ।।' ਸਾਧੂ ਦੀ ਸ਼ਰਣ ਪ੍ਰਾਪਤ ਕਰ ਕੇ ਹੀ ਪ੍ਰਭੂ ਦੇ ਸੰਗ ਵਾਸਾ ਮਿਲ ਸਕਦਾ ਹੈ।੨।੨।੧੫੧।

ਸਾਹਿਬ ਸ੍ਰੀ ਗੁਰੂ ਅਰਜਨ ਦੇਵ ਦਾ, ਪੰਨਾ ੩੯੧ ਤੇ ਉਪਦੇਸ਼ ਹੈ ਕਿ ਜਿਨ੍ਹਾਂ ਸੰਤ ਜਨਾਂ ਦੀ ਸੰਗਤਿ ਕੀਤਿਆਂ ਮੈਨੂੰ, ਉਸ ਪ੍ਰਭੂ ਦੇ, ਇਨ੍ਹਾਂ ਨੈਣਾਂ ਦੇ ਨਾਲ ਦੀਦਾਰ ਹੋ ਜਾਣ, ਉਨ੍ਹਾਂ ਦੀ ਸੰਗਤਿ ਬਦਲੇ, ਮੈਂ ਆਪਣੇ ਸਾਰੇ ਜਪ, ਤਪ, ਨੇਮ, ਸਾਰੇ ਧਰਮ ਕਰਮ, ਅੱਗ ਵਿਚ ਪਾ ਦਿਆਂ, ਆਪਣਾ ਹਰ ਤਰ੍ਹਾਂ ਦਾ ਮੋਹ ਤੇ ਗੁਮਾਨ ਛਡ ਕੇ ਉਨ੍ਹਾਂ ਦੇ ਚਰਣਾਂ ਦੀ ਖਾਕ ਬਣ ਜਾਵਾਂ - 'ਜਾਪ ਤਾਪ ਦੇਵਉ ਸਭ ਨੇਮਾ।। ਕਰਮ ਧਰਮ ਅਰਪਉ ਸਭ ਹੋਮਾ।। ਗਰਬੁ ਮੋਹੁ ਤਜਿ ਹੋਵਉ ਰੇਨ।। ਉਨ੍ ਕੈ ਸੰਗਿ ਦੇਖਉ ਪ੍ਰਭੁ ਨੈਨ।।'

ਬਿਲਾਵਲ ਰਾਗ ਵਿਚ ਵੀ, ਸ੍ਰੀ ਗੁਰੂ ਅਰਜਨ ਸਾਹਿਬ ਦਾ, ਪੰਨਾ ੮੦੪ ਤੇ, ਫ਼ੁਰਮਾਣ ਹੈ ਕਿ ਸਾਧੂ ਦੀ ਸੰਗਤ ਕੀਤੇ ਬਿਨਾਂ, ਬਾਕੀ ਸਾਰੇ ਧਰਮ ਕਰਮ ਨਿਰਾ ਵਿਖਾਵਾ ਹੀ ਹਨ, ਭਾਵ, ਪ੍ਰਾਪਤੀ ਨਹੀਂ ਕਰਵਾ ਸਕਦੇ - 'ਅਵਰਿ ਕਰਮ ਸਭਿ ਲੋਕਾਚਾਰ।। ਮਿਲਿ ਸਾਧੂ ਸੰਗਿ ਹੋਇ ਉਧਾਰ ।।੨।।' ਕਿਉਂਕਿ ਸਿਰਫ਼ ਸਾਧੂ ਦੀ ਸੰਗਤ ਹੀ ਅਜਿਹਾ ਵਸੀਲਾ ਹੈ, ਜਿਸ ਰਾਹੀਂ ਨਾਮ ਜਪਿਆ ਜਾ ਸਕਦਾ ਹੈ। ਸਾਧੂ ਦੀ ਸੰਗਤਿ ਅਤੇ ਸਿਮਰਣ ਦੇ ਮੇਲ ਨਾਲ ਹੀ ਪ੍ਰਭੂ ਦੀ ਪ੍ਰਾਪਤੀ ਸੰਭਵ ਹੈ।



14.10.2020